### ਸ਼ੇਖ ਫ਼ਰੀਦ - ਸਬਦ ੫੯
### ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੬॥

ਸਾਰ: ਭੌਤਿਕ ਪਦਾਰਥਾਂ ਦੀ ਨਿਰੰਤਰ ਜਗਿਆਸਾ ਅਕਸਰ ਸੁਰੱਖਿਆ ਅਤੇ ਸੁਖਚੈਨ ਦੀ ਭਾਲ ਵਜੋਂ ਸ਼ੁਰੂ ਹੁੰਦੀ ਹੈ। ਭਾਵੇਂ, ਸਮੇਂ ਦੇ ਨਾਲ, ਇਹ ਭਾਲ ਜਨੂੰਨ ਬਣ ਸਕਦੀ ਹੈ, ਜਿਸ ਨਾਲ ਅਸੰਤੁਸ਼ਟੀ ਦੀ ਇਕ ਨਿਰੰਤਰ ਸਥਿਤੀ ਪੈਦਾ ਹੁੰਦੀ ਹੈ। ਹਰ ਨਵੀਂ ਪ੍ਰਾਪਤੀ ਰਾਹਤ ਦਾ ਦਾਅਵਾ ਕਰਦੀ ਹੈ, ਪਰ ਉਹ ਸੰਤੁਸ਼ਟੀ ਜਲਦ ਹੀ ਧੁੰਦਲੀ ਪੈ ਜਾਂਦੀ ਹੈ, ਅਤੇ ਅਗਲੀ ਪ੍ਰਾਪਤੀ ਦੀ ਇੱਛਾ ਮਨ ਵਿਚ ਪੈਦਾ ਹੋ ਜਾਂਦੀ ਹੈ। ਜਿਵੇਂ-ਜਿਵੇਂ ਅਸੀਂ ਹੋਰ ਇਕੱਠਾ ਕਰਨ 'ਤੇ ਧਿਆਨ ਕੇਂਦਰਿਤ ਕਰਦੇ ਹਾਂ, ਅਸੀਂ ਆਪਣੀ ਅੰਤਰੀਵੀ ਸ਼ਾਂਤੀ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਅਤੇ ਸਹਿਜ ਕੋਈ ਦੂਰ-ਦਰਾਡੇ ਦਾ ਟੀਚਾ ਹੋ ਨਿਬੜਦਾ ਹੈ। ਸਾਡੀ ਭਲਾਈ ਥੁੜ ਕਾਰਨ ਨਹੀਂ, ਸਗੋਂ ਹੋਰ ਪ੍ਰਾਪਤ ਕਰਨ ਦੀ ਸੰਤੋਖ ਰਹਿਤ ਮਨੋਬਿਰਤੀ ਕਾਰਣ ਘਟਦੀ ਹੈ। ਜੋ ਵਸਤ ਸਾਡੇ ਜੀਵਨ ਨੂੰ ਅਮੀਰੀਅਤ ਨਾਲ ਸਰਸ਼ਾਰ ਕਰਨ ਲਈ ਸੀ, ਉਹ ਉਸਨੂੰ ਖਤਮ ਕਰ ਉਲਟਾ ਅਸਰ ਪਾਉਂਦੀ ਹੈ।

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਫਰੀਦ ਕਹਿੰਦੇ ਹਨ, ਤੁਸੀਂ ਆਪਣੀ ਸੁਹਾਵਣੀ ਨੀਂਦ ਨੂੰ ਤਿਆਗ ਹੋਰ ਹਵੇਲੀਆਂ ਦਾ ਨਿਰਮਾਣ ਕਰਨ ਵਾਲੀ ਦੌੜ ਕਦ ਤੱਕ ਦੌੜਦੇ ਰਹੋਗੇ? ਇਹ ਭਾਵ ਸਾਨੂੰ ਉਸ ਮਨੋਬਿਰਤੀ ਬਾਰੇ ਵਿਚਾਰ ਕਰਨ ਦੀ ਤਾਕੀਦ ਕਰਦਾ ਹੈ ਜੋ ਸਾਨੂੰ ਭੌਤਿਕ ਸੰਪਤੀਆਂ ਦੇ ਪਿੱਛੇ ਨਿਰੰਤਰ ਦੜਾਉਂਦੀ ਰਹਿੰਦੀ ਹੈ ਅਤੇ ਜਿਸ ਨਾਲ ਸਾਡਾ ਅੰਤਰੀਵੀ ਸਹਿਜ ਅਤੇ ਭਲਾਈ  ਖਤਮ ਹੋ ਸਕਦੀ ਹੈ।

ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੬॥
ਦਿੱਤਾ ਗਿਆ ਸਮਾਂ ਵੀ ਕਿਸੇ ਗਿਣਤੀ ਵਿਚ ਹੁੰਦਾ ਹੈ; ਜੋ ਪਲ-ਪਲ ਖਿਸਕਦਾ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜ਼ਿੰਦਗੀ ਆਮ ਪਲਾਂ ਵਿਚ ਕਿਵੇਂ ਧੁੰਦਲੀ ਪੈ ਜਾਂਦੀ ਹੈ ਕਿਉਂਕਿ ਅਸੀਂ ਆਪਣੀ ਅੰਤਰੀਵੀ

ਜਾਗਰੂਕਤਾ ਨੂੰ ਨਜ਼ਰ ਅੰਦਾਜ਼ ਕਰਦੇ ਹੋਏ, ਸੁਚੇਤ ਤੌਰ 'ਤੇ ਜਿਉਣ ਲਈ ਸਹੀ ਸਮੇਂ ਦੀ ਉਡੀਕ ਕਰਦੇ ਰਹਿੰਦੇ ਹਾਂ। (੫੬)

ਤੱਤ: ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਜ਼ਿੰਦਗੀ ਅਕਸਰ ਰੋਜ਼ਮਰਾ ਦੀ ਇਕਸਾਰ ਜੀਵਨ-ਸ਼ੈਲੀ ਅਨੁਸਾਰ ਜੀਉਣ ਨਾਲ ਅਤੇ ਅਰਥ ਭਰਪੂਰ ਕਾਰਜ਼ਾਂ ਨੂੰ ਨਜ਼ਰ-ਅੰਦਾਜ਼ ਕਰਨ ਨਾਲ ਧੁੰਦਲੀ ਪੈ ਜਾਂਦੀ ਹੈ। ਅਸੀਂ ਅਕਸਰ ਇਸ ਵਿਸ਼ਵਾਸ ਵਿਚ ਜੀਉਂਦੇ ਹਾਂ ਕੋਈ ਹੋਰ ਦਿਨ, ਸ਼ੁਰੂ ਕਰਨ, ਸੁਧਾਰ ਕਰਨ ਅਤੇ ਵਿਗਸਣ ਦਾ ਸੁਨਿਹਰੀ ਅਵਸਰ ਦੇਵੇਗਾ। ਸਾਰਾ ਦਿਨ ਵੱਖ-ਵੱਖ ਗਤੀਵਿਧੀਆਂ ਵਿਚ ਰੁਝੇ ਰਹਿਣ ਦੇ ਬਾਵਜੂਦ ਵੀ ਅਸੀਂ ਸੱਖਣੇਪਣ ਨੂੰ ਮਹਿਸੂਸ ਕਰਦੇ ਹਾਂ ਕਿਉਂਕਿ ਇਸ ਜੀਵਨ ਧਾਰਾ ਵਿਚ ਜਾਗਰੂਕਤਾ ਦੀ ਤਾਂਘ ਸਿਰਫ਼ ਮਕਸਦ ਹੀ ਬਣੀ ਰਹਿੰਦੀ ਹੈ, ਅਸਲੀਅਤ ਨਹੀਂ। ਇਸ ਤੱਥ ਦੀ ਸੂਝ ਸਾਨੂੰ ਭਵਿੱਖ ਦੀ ਉਡੀਕ ਕਰਨ ਦੀ ਬਜਾਏ ਵਰਤਮਾਨ ਵਿਚ ਜੀਉਣਾ ਸਿਖਾ ਦਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**